# ਭਾਰਤੀ ਬਾਸਮਤੀ ਚੌਲਾਂ ਦਾ ਨਿਰਯਾਤ ਵਿੱਤੀ ਸਾਲ 2024-25 ਵਿੱਚ 1,922.75 ਕਰੋੜ ਰੁਪਏ ਵਧਿਆ

ਕੋਲਕਾਤਾ ਸਥਿਤ ਵਪਾਰਕ ਜਾਣਕਾਰੀ ਅਤੇ ਅੰਕੜਾ ਡਾਇਰੈਕਟੋਰੇਟ ਜਨਰਲ (ਡੀ ਜੀ ਸੀ ਆਈ ਐਸ) ਵੱਲੋਂ ਤਿਆਰ ਕੀਤੇ ਅੰਕੜਿਆਂ ਮੁਤਾਬਿਕ, ਭਾਰਤ ਨੇ 2024-25 ਵਿੱਤੀ ਸਾਲ (ਅਪ੍ਰੈਲ-ਮਾਰਚ) ਦੌਰਾਨ ਕਰੀਬ 50,312.01 ਕਰੋੜ ਰੁਪਏ (ਕਰੀਬ 5.87 ਅਰਬ ਡਾਲਰ) ਦੇ ਬਾਸਮਤੀ ਚੌਲਾਂ ਦਾ ਨਿਰਯਾਤ ਕੀਤਾ ਜਿਹੜਾ ਕਿ 2023-24 ਵਿੱਤੀ ਸਾਲ ਨਾਲੋਂ 1,922.75 ਕਰੋੜ ਰੁਪਏ ਵੱਧ ਹੈ। ਮੁੱਲ ਦੇ ਲਿਹਾਜ਼ ਨਾਲ ਰੁਪਈਆਂ ਵਿੱਚ, ਲੰਬੇ-ਦਾਣੇ ਵਾਲੇ ਮਹਿਕਦਾਰ ਚੌਲਾਂ ਦੀ ਭਾਰਤੀ ਬਰਾਮਦ ਪਿਛਲੇ ਵਿੱਤੀ ਸਾਲ ਦੇ ਮੁਕਾਬਲੇ 2024-25 ਵਿੱਚ ਲਗਭਗ 3.97% ਵੱਧ ਹੋਈ।

ਡੀ ਜੀ ਸੀ ਆਈ ਐਸ ਦੇ ਅੰਕੜਿਆਂ ਮੁਤਾਬਿਕ, ਭਾਰਤ ਨੇ 2024-25 ਵਿੱਚ ਲਗਭਗ 60.65 ਲੱਖ ਮੀਟ੍ਰਿਕ ਟਨ ਬਾਸਮਤੀ ਚੌਲਾਂ ਦਾ ਨਿਰਯਾਤ ਕੀਤਾ ਜਿਹੜਾ ਕਿ 2023-24 ਦੇ ਮੁਕਾਬਲੇ ਲਗਭਗ 8.23 ਲੱਖ ਮੀਟ੍ਰਿਕ ਟਨ (15.70%) ਵੱਧ ਹੈ। ਦੇਸ਼ ਨੇ 2032-24 ਵਿੱਚ ਲਗਭਗ 52.42 ਲੱਖ ਮੀਟ੍ਰਿਕ ਟਨ ਬਾਸਮਤੀ ਚੌਲਾਂ ਦਾ ਨਿਰਯਾਤ ਕੀਤਾ ਜਿਸਦੀ ਕੀਮਤ ਕਰੀਬ 48,389.26 ਕਰੋੜ ਰੁਪਏ (ਕਰੀਬ 5.74 ਅਰਬ ਡਾਲਰ) ਸੀ।

ਡੀ ਜੀ ਸੀ ਆਈ ਐਸ ਦੇ ਅੰਕੜਿਆਂ ਅਨੁਸਾਰ, ਭਾਰਤ ਨੇ 2024-25 ਵਿੱਚ 154 ਦੇਸ਼ਾਂ ਨੂੰ ਬਾਸਮਤੀ ਚੌਲਾਂ ਦੀ ਬਰਾਮਦ ਕੀਤੀ ਸੀ ਜਦੋਂ ਕਿ 2023-24 ਵਿੱਚ ਭਾਰਤ ਨੇ 150 ਦੇਸ਼ਾਂ ਨੂੰ ਇਹ ਜਿਨਸ ਵੇਚੀ ਸੀ।

ਮਾਤਰਾ ਵਿੱਚ 11.73 ਲੱਖ ਮੀਟ੍ਰਿਕ ਟਨ ਨਾਲ ਸਾਊਦੀ ਅਰਬ, ਭਾਰਤੀ ਬਾਸਮਤੀ ਚੌਲਾਂ ਦਾ ਸਭ ਤੋਂ ਵੱਡਾ ਦਰਾਮਦਕਾਰ ਸੀ। ਉਸ ਤੋਂ ਬਾਅਦ ਇਰਾਕ (9.05 ਲੱਖ ਮੀਟ੍ਰਿਕ ਟਨ) ਅਤੇ ਇਰਾਨ (8.55 ਲੱਖ ਮੀਟ੍ਰਿਕ ਟਨ) ਤੀਜੇ ਥਾਂ 'ਤੇ ਸੀ। 2023-24 ਵਿੱਚ ਵੀ ਇਹ ਤਿੰਨੋਂ ਦੇਸ਼ ਕ੍ਰਮਵਾਰ 10.98 ਲੱਖ ਮੀਟ੍ਰਿਕ ਟਨ, 8.24 ਲੱਖ ਮੀਟ੍ਰਿਕ ਟਨ ਅਤੇ 6.7 ਲੱਖ ਮੀਟ੍ਰਿਕ ਟਨ ਨਾਲ ਭਾਰਤੀ ਬਾਸਮਤੀ ਚੌਲਾਂ ਦੇ ਸਭ ਤੋਂ ਵੱਡੇ ਖਰੀਦਦਾਰ ਸੀ।

ਚੋਟੀ ਦੇ 10 ਦਰਾਮਦਕਾਰ ਦੇਸ਼ਾਂ ਵਿੱਚ ਯਮਨ ਗਣਰਾਜ (3.92 ਲੱਖ ਮੀਟ੍ਰਿਕ ਟਨ), ਸੰਯੁਕਤ ਅਰਬ ਅਮੀਰਾਤ (3.89 ਲੱਖ ਮੀਟ੍ਰਿਕ ਟਨ ), ਸੰਯੁਕਤ ਰਾਜ ਅਮਰੀਕਾ (2.74 ਲੱਖ ਮੀਟ੍ਰਿਕ ਟਨ ), ਯੂਨਾਈਟਿਡ ਕਿੰਗਡਮ (1.80 ਲੱਖ ਮੀਟ੍ਰਿਕ ਟਨ ), ਕੁਵੈਤ (1.75 ਲੱਖ ਮੀਟ੍ਰਿਕ ਟਨ ), ਓਮਾਨ (1.49 ਲੱਖ ਮੀਟ੍ਰਿਕ ਟਨ ) ਅਤੇ ਕਤਰ (1.24 ਲੱਖ ਮੀਟ੍ਰਿਕ ਟਨ ) ਸ਼ਾਮਲ ਹਨ।

2024-25 ਵਿੱਤੀ ਸਾਲ ਦੌਰਾਨ ਰੁਪਈਆਂ ਵਿੱਚ ਦੇ ਮੁੱਲ ਦੇ ਲਿਹਾਜ਼ ਨਾਲ, 10,190.73 ਕਰੋੜ ਰੁਪਏ ਖਰਚ ਕੇ ਸਊਦੀ ਅਰਬ, ਭਾਰਤੀ ਬਾਸਮਤੀ ਚੌਲਾਂ ਦਾ ਸਭ ਤੋਂ ਵੱਡਾ ਖਰੀਦਦਾਰ ਰਿਹਾ। ਇਸ ਤੋਂ ਬਾਅਦ ਇਰਾਕ (7,201.23 ਕਰੋੜ ਰੁਪਏ), ਇਰਾਨ (6,374.29 ਕਰੋੜ ਰੁਪਏ), ਸੰਯੁਕਤ ਅਰਬ ਅਮੀਰਾਤ (3,089.47 ਕਰੋੜ ਰੁਪਏ), ਯਮਨ (3,038.56 ਕਰੋੜ ਰੁਪਏ), ਅਤੇ ਅਮਰੀਕਾ (2,849.16 ਕਰੋੜ ਰੁਪਏ) ਦੀ ਵਾਰੀ ਆਉਂਦੀ ਹੈ।

ਮੁੱਲ ਦੇ ਲਿਹਾਜ਼ ਨਾਲ ਭਾਰਤੀ ਬਾਸਮਤੀ ਚੌਲਾਂ ਦੇ ਹੋਰ ਵੱਡੇ ਦਰਾਮਦਕਾਰਾਂ ਵਿੱਚ ਬਰਤਾਨੀਆ (1,613.36 ਕਰੋੜ ਰੁਪਏ), ਕੁਵੈਤ (1,518.8 ਕਰੋੜ ਰੁਪਏ), ਓਮਾਨ (1,223.16 ਕਰੋੜ ਰੁਪਏ) ਅਤੇ ਕਤਰ (1,040.1 ਕਰੋੜ ਰੁਪਏ) ਸ਼ਾਮਲ ਹਨ।

**ਵਿੱਤੀ ਸਾਲ 2024-25 (ਅਪ੍ਰੈਲ-ਮਾਰਚ) ਵਿੱਚ ਭਾਰਤ ਦਾ ਬਾਸਮਤੀ ਚੌਲਾਂ ਦਾ ਨਿਰਯਾਤ**

| **ਚੋਟੀ ਦੇ 10 ਦੇਸ਼** | **ਮਾਤਰਾ (ਮੀਟ੍ਰਿਕ ਟਨ)** | **ਮੁੱਲ (ਕਰੋੜ ਰੁਪਏ)** | **ਮੁੱਲ (ਅਰਬ ਡਾਲਰ)** |
|---|---|---|---|
| ਸਊਦੀ ਅਰਬ | 11,73,833.31 | 10,190.73 | 1.2 |
| ਇਰਾਕ | 9,05,598.90 | 7,201.23 | 0.85 |
| ਇਰਾਨ | 8,55,132.87 | 6,374.29 | 0.75 |
| ਯਮਨ ਗਣਰਾਜ | 3,89,148.26 | 3,089.47 | 0.36 |
| ਸੰਯੁਕਤ ਅਰਬ ਅਮੀਰਾਤ | 3,92,180.74 | 3,038.56 | 0.36 |
| ਸੰਯੁਕਤ ਰਾਜ ਅਮਰੀਕਾ | 2,74,213.14 | 2,849.16 | 0.34 |
| ਬਰਤਾਨੀਆ | 1,80,951.39 | 1,613.37 | 0.19 |
| ਕੁਵੈਤ | 1,75,000.19 | 1,518.80 | 0.18 |
| ਓਮਾਨ | 1,49,148.11 | 1,223.16 | 0.14 |
| ਕਤਰ | 1,24,557.34 | 1,040.10 | 0.12 |
| **ਕੁੱਲ ਮਿਲਾ ਕੇ** | 60,65,483.45 | 50,312.01 | 5.87 |

**ਸ੍ਰੋਤ:** ਵਪਾਰਕ ਜਾਣਕਾਰੀ ਅਤੇ ਅੰਕੜਾ ਡਾਇਰੈਕਟੋਰੇਟ ਜਨਰਲ (ਡੀ ਜੀ ਸੀ ਆਈ ਐਸ), ਕੋਲਕਾਤਾ